Copy Right Registered.

ਮਾਸੀ ਲੁੰਬੜੀ

ਤੇ G-310

ਸ਼ੇਰ ਦਾ ਦਰਬਾਰ

ماسی لومڑی تے شیر دا دربار

ਕਰਤਾ

ਭਾਈ ਅਮਰ ਸਿੰਘ ਜੀ,

ਐਸਿਸਟੈਂਟ, ਐਜੂਕੇਸ਼ਨ ਡੀਪਾਰਟਮੈਂਟ, ਪੰਜਾਬ.

ਪ੍ਰਕਾਸ਼ਿਕ

"ਸੁਦਰਸ਼ਨ ਪ੍ਰੈਸ" ਹਾਲ ਬਾਜ਼ਾਰ, ਅਮ੍ਰਿਤਸਰ.

੧ ੴ ਸਤਿਗੁਰਪ੍ਰਸਾਦਿ ॥

ਇੱਕ ਸਮੇ ਕਿਸੇ ਬਣ ਵਿੱਚ ਬੜੀ ਕੁਰਲਾਹਟ ਪੈ ਗਈ ਤੇ ਸਾਰੇ ਪਸ਼ੂ ਪੰਛੀਆਂ ਨੇ ਰਲਕੇ ਆਪਣੇ ਪਾਤਸ਼ਾਹ ਕੋਲ ਜਾਕੇ ਫਰਯਾਦ ਕਰਨ ਦੀ ਸਲਾਹ ਕੀਤੀ। ਇਹ ਸਲਾਹ ਕਰਕੇ ਉਹ ਸ਼ੇਰ ਪਾਸ ਪੁੱਜੇ ਤੇ ਆਖਣ ਲੱਗੇ ਕਿ ਸਰਕਾਰ ਸਾਡੇ ਸਿਰ ਤੇ ਹੱਥ ਰੱਖੋ, ਨਹੀਂ ਤਾਂ ਅਸੀਂ ਉੱਜੜ ਜਾਵਾਂਗੇ; ਅਸੀਂ ਬੜੇ ਦੁਖੀ ਹੋ ਗਏ ਹਾਂ । ਤ੍ਰਾਹ ਤ੍ਰਾਹ, ਵਾਸਤਾ ਜੇ ਰੱਬ ਦਾ, ਸਾਡੀ ਰੱਖਿਆ ਕਰੋ; ਜੇ ਤੁਹਾਡੇ ਹੁੰਦਿਆਂ ਸਾਡਾ ਇਹ ਹਾਲ ਹੁੰਦਾ ਰਿਹਾ ਤਾਂ ਹੋਰ ਕਿਸ ਸਾਡੀ ਰਾਖੀ ਕਰਨੀ ਹੈ ? ਇਹ ਸੁਣਕੇ ਸ਼ੇਰ ਬੋਲਿਆ,ਤੁਸੀ ਦੱਸੋ ਤਾਂ ਸਹੀ ਹੋਇਆ ਕੀ ਹੈ ? ਸਾਰੇ ਆਖਣ: ਦੁਹਾਈ ਰੱਬ ਦੀ ਅਸੀ ਲੁੱਟੇ ਮਾਰੇ ਗਏ ! ਫਰਯਾਦ, ਫਰਯਾਦ ! ਜਦ ਰੌਲਾ ਮੱਠਾ ਹੋਇਆ ਤਾਂ ਸ਼ੇਰ ਆਖਣ ਲੱਗਾ ਹੱਛਾ ਮੈਂ ਪਰਸੋਂ ਇੱਕ ਵੱਡਾ ਦਰਬਾਰ ਕਰਾਂਗਾ, ਤੁਸੀ ਆਕੇ ਆਪਣੇ ੨ ਦੁੱਖ ਸੁਣਾਉਣੇ, ਮੈਂ ਸਭ ਦੂਰ ਕਰ ਦਿਆਂਗਾ । ਇਹ ਸੁਣਕੇ

ਪ੍ਰ ਕ੍ਰ 3
ਆ ਦੰ ਮ
17381

ਸਾਰੇ ਖੁਸ਼ੀ ੨ ਆਪਣੇ ੨ ਘਰਾਂ ਨੂੰ ਮੁੜ ਗਏ। ਜਦ ਸਾਰੇ ਪਸ਼ੂ ਪੰਛੀ ਤੁਰ ਗਏ ਤਾਂ ਸ਼ੇਰ ਨੇ ਆਪਣੇ ਵਜ਼ੀਰਾਂ ਤੇ ਮੁਨਸ਼ੀਆਂ ਨੂੰ ਸੱਦ ਕੇ ਹੁਕਮ ਦਿੱਤਾ ਕਿ ਸਾਰਿਆਂ ਪਸ਼ੂਆਂ ਤੇ ਪੰਛੀਆਂ ਨੂੰ ਸੱਦਾ ਦੇ ਘੱਲੋ ਕਿ ਪਰਸੋਂ ਦਰਬਾਰ ਹੋਣਾ ਹੈ, ਓਹ ਸਾਰੇ ਜ਼ਰੂਰ ਹੀ ਆਉਣ ਤੇ ਆਪਣੀ ੨ ਸ਼ਕਾਇਤ ਪੇਸ਼ ਕਰਨ ॥

ਸ਼ੇਰ ਦਾ ਦਰਬਾਰ

ਜਦ ਦਰਬਾਰ ਦਾ ਦਿਨ ਆਇਆ ਤਾਂ ਇੱਕ ਬੜਾ ਭਾਰਾ ਸ਼ਮਿਆਨਾ ਲਾਕੇ ਉਸਦੇ ਹੇਠ ਦਰੀਆਂ ਵਿਛਾਕੇ ਉੱਪਰ ਇੱਕ ਤਖਤ ਤੇ ਸਿੰਘਾਸਨ ਪਾਦਸ਼ਾਹ ਦੇ ਬੈਠਣ ਲਈ ਸਜਾਇਆ ਗਿਆ। ਜਦ ਵੇਲਾ ਹੋਇਆ ਤਾਂ ਸ਼ੇਰ ਆਪਣੇ ਵਜ਼ੀਰਾਂ ਸਮੇਤ ਸਿੰਘਾਸਨ ਤੇ ਆ ਬੈਠਾ। ਹੌਲੀ ੨ ਕਿਰਮ ਕਿਰਨੀ ਪਸ਼ੂ ਪੰਛੀ ਵੀ ਆਉਣੇ ਸ਼ੁਰੂ ਹੋਏ। ਜਦ ਕੁਝ ਚਿਰ ਮਗਰੋਂ ਸਾਰਾ ਦੀਵਾਨ ਭਰ ਗਿਆ ਤਾਂ ਸ਼ੇਰ ਨੇ ਉੱਠ ਕੇ ਧਿਆਨ

ਮਾਰਿਆ ਤਾਂ ਸਾਰੇ ਆਪਣੀ ੨ ਥਾਂ ਸਜੇ ਹੋਏ ਸਨ। ਕਿਧਰੇ ਤਾਂ ਬਘੇਲੇ ਸਿੰਘ ਹੋਰੀ ਬੈਠੇ ਸਨ, ਕਿਧਰੇ ਬਘਿਆੜ ਖਾਂ ਹੋਰੀ ਸਜੇ ਹੋਏ ਸੀ, ਪਰੇ ਬੀਬੀ ਬਿੱਲੀ ਬੈਠੀ ਸੀ, ਇੱਕ ਨੁੱਕਰੇ ਸਿਹਾ ਤੇ ਬਿੱਜੂ ਵੀ ਬੈਠੇ ਹੋਏ ਸਨ, ਦੂਜੇ ਪਾਸੇ ਮੋਰ ਕਬੂਤਰ ਤੇ ਹੋਰ ਕਈ ਪੰਛੀ ਬੈਠੇ ਦੀਵਾਨ ਦੀ ਸ਼ੋਭਾ ਵਧਾ ਰਹੇ ਸਨ। ਜਦ ਸ਼ੇਰ ਨੇ ਸਾਰਿਆਂ ਨੂੰ ਦੇਖਿਆ ਤਾਂ ਪਤਾ ਲੱਗਾ ਕਿ ਮਾਸੀ ਲੂੰਬੜੀ ਨਹੀਂ ਆਈ। ਇਹ ਵੇਖਕੇ ਪਾਤਸ਼ਾਹ ਨੇ ਵਜ਼ੀਰ ਕੋਲੋਂ ਪੁੱਛਿਆ ਕਿ ਕੀ ਉਸਨੂੰ ਸੱਦਾ ਨਹੀਂ ਘੱਲਿਆ ਗਿਆ ਸੀ ? ਉਸ ਨੇ ਉੱਤਰ ਦਿੱਤਾ ਜੀ ਮਹਾਰਾਜ ਉਸਨੂੰ ਚਪੜਾਸੀ ਸੱਦਾ ਪੱਤਰ ਦੇ ਆਇਆ ਸੀ ਤੇ ਉਸ ਦੀ ਸਹੀ ਕਾਗਜ਼ਾਂ ਤੇ ਹੋਈ ੨ ਹੈ। ਇਹ ਸੁਣਕੇ ਸ਼ੇਰ ਨੇ ਹੁਕਮ ਦਿੱਤਾ ਹੱਛਾ ਹੁਣ ਆਪਣੀ ੨ ਸ਼ਕੈਤ ਪੇਸ਼ ਕਰੋ ॥

ਇਹ ਸੁਣਕੇ ਸਭ ਤੋਂ ਪਹਿਲਾਂ ਕੁੱਤੇ ਨੇ ਪੁਕਾਰ ਕੀਤੀ। ਦੁਹਾਈ ਸਰਕਾਰ ਦੀ ਦੁਹਾਈ, ਅਸੀ ਮਾਰੇ ਗਏ, ਸਰਕਾਰ ਏਸ ਖੇਖਨਾਂ ਪਿੱਟੀ ਲੂੰਬੜੀ ਨੇ ਸਾਡਾ ਕੋਈ ਜੀਉਣ ਦਾ ਹੱਜ ਨਹੀਂ ਛੱਡਿਆ; ਅਸੀ ਬੜੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.